# ਟੀਕਾਕਰਣ

## ਹੁਣ ਅਤੇ ਭਵਿੱਖ ਵਿੱਚ ਆਪਣੇ ਬੱਚੇ ਦੀ ਰੱਖਿਆ ਕਰੋ

ਟੀਕਾਕਰਣ, ਜਿਸ ਨੂੰ ਵੈਕਸੀਨੇਸ਼ਨ ਵੀ ਕਿਹਾ ਜਾਂਦਾ ਹੈ, ਆਮ ਤੌਰ ਤੇ ਟੀਕੇ ਰਾਹੀਂ ਦਿੱਤਾ ਜਾਂਦਾ ਹੈ। ਯੂਕੇ ਵਿੱਚ ਹੈਲਦੀ ਚਾਈਲਡ ਪ੍ਰੋਗਰਾਮ (ਸਿਹਤਮੰਦ ਬੱਚਾ ਪ੍ਰੋਗਰਾਮ) ਦੇ ਹਿੱਸੇ ਵੱਜੋਂ ਬੱਚਿਆਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਲਈ ਟੀਕੇ ਪੇਸ਼ ਕੀਤੇ ਜਾਂਦੇ ਹਨ। ਤੁਸੀਂ ਆਪਣੇ ਜੀਪੀ ਜਾਂ ਹੈਲਥ ਵਿਜ਼ਿਟਰ ਤੋਂ ਟੀਕਾਕਰਣ ਬਾਰੇ ਸਲਾਹ ਲੈ ਸਕਦੇ ਹੋ। ਮਾਤਾ-ਪਿਤਾ ਕੋਲ ਮੌਜੂਦ ਬੱਚੇ ਦੀ ਸਿਹਤ ਦੇ ਰਿਕਾਰਡ (ਲਾਲ ਕਿਤਾਬ) ਵਿੱਚ ਇੱਕ ਰਿਕਾਰਡ ਰੱਖਿਆ ਜਾਂਦਾ ਹੈ, ਇਹ ਉਹ ਕਿਤਾਬ ਹੁੰਦੀ ਹੈ ਜੋ ਤੁਸੀਂ ਆਪਣੇ ਕੋਲ ਰੱਖਦੇ ਹੋ ਅਤੇ ਇਸ ਵਿੱਚ ਤੁਹਾਡੇ ਬੱਚੇ ਦੀ ਸਿਹਤ ਬਾਰੇ ਜਾਣਕਾਰੀ ਹੁੰਦੀ ਹੈ।

ਟੀਕੇ ਮੁੱਖ ਤੌਰ ਤੇ ਪਹਿਲੇ ਪੰਜ ਸਾਲਾਂ ਦੇ ਦੌਰਾਨ ਲਗਾਏ ਜਾਂਦੇ ਹਨ। ਬਿਮਾਰੀਆਂ ਦੇ ਖ਼ਤਰੇ ਨੂੰ ਜਿੰਨਾ ਹੋ ਸਕੇ ਘੱਟ ਤੋਂ ਘੱਟ ਰੱਖਣ ਲਈ ਸਹੀ ਉਮਰ ਤੇ ਟੀਕੇ ਲਗਵਾਉਣਾ ਮਹੱਤਵਪੂਰਨ ਹੈ। ਟੀਕਾਕਰਣ ਦੇ ਬਾਰੇ ਚਿੰਤਾ ਕਰਨਾ ਆਮ ਗੱਲ ਹੈ, ਇਸ ਲਈ ਆਪਣੇ ਹੈਲਥ ਵਿਜ਼ਿਟਰ ਜਾਂ ਜੀਪੀ ਤੋਂ ਸਲਾਹ ਲੈਣ ਵਿੱਚ ਝਿਜਕ ਮਹਿਸੂਸ ਨਾ ਕਰੋ - ਉਹ ਇਸੇ ਵਾਸਤੇ ਹੁੰਦੇ ਹਨ! ਬਚਪਨ ਦੇ ਟੀਕੇ ਮੁਫ਼ਤ ਹੁੰਦੇ ਹਨ ਅਤੇ ਜ਼ਿਆਦਾਤਰ ਤੁਹਾਡੇ ਜੀਪੀ ਦੀ ਸਰਜਰੀ ਵਿੱਚ ਦਿੱਤੇ ਜਾਂਦੇ ਹਨ।

ਕਈ ਟੀਕੇ ਇੱਕ ਤੋਂ ਵੱਧ ਵਾਰ ਦਿੱਤੇ ਜਾਂਦੇ ਹਨ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਸੁਰੱਖਿਆ ਜਾਰੀ ਰਹੇ। ਇਸ ਨੂੰ ਬੂਸਟਰ ਕਿਹਾ ਜਾਂਦਾ ਹੈ, ਇਸ ਲਈ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਨੂੰ ਇਹ ਲਗਾਇਆ ਜਾਂਦਾ ਹੈ।

ਕਾਲੀ ਖਾਂਸੀ ਦੇ ਟੀਕੇ ਦੀ ਸਿਫਾਰਸ਼ 28 ਅਤੇ 38 ਹਫ਼ਤਿਆਂ ਦੇ ਵਿਚਕਾਰ ਦੇ ਗਰਭ ਵਾਲੀਆਂ ਸਾਰੀਆਂ ਔਰਤਾਂ ਲਈ ਕੀਤੀ ਜਾਂਦੀ ਹੈ। ਤੁਹਾਨੂੰ ਜਣੇਪੇ ਤੋਂ ਪਹਿਲਾਂ ਦੀ ਰੁਟੀਨ ਅਪਾਇੰਟਮੈਂਟ ਵਿੱਚ ਇਹ ਪੇਸ਼ ਕੀਤਾ ਜਾਵੇਗਾ।

### ਜੀਪੀ ਕਹਿੰਦਾ ਹੈ

ਟੀਕਾਕਰਣਾਂ ਦੀ ਵਰਤੋਂ ਬੱਚਿਆਂ ਦੀ ਅਜਿਹੀਆਂ ਬਿਮਾਰੀਆਂ ਤੋਂ ਰੱਖਿਆ ਕਰਨ ਲਈ ਕੀਤੀ ਜਾਂਦੀ ਹੈ ਜੋ ਕਿ ਕਾਫੀ ਗੰਭੀਰ ਹੋ ਸਕਦੀਆਂ ਹਨ ਅਤੇ ਕਦੇ-ਕਦੇ ਇਹਨਾਂ ਕਾਰਨ ਮੌਤ ਹੋ ਸਕਦੀ ਹੈ।

ਤੁਹਾਡੇ ਬੱਚੇ ਨੂੰ ਟੀਕਿਆਂ ਤੋਂ ਮਿਲਣ ਵਾਲੀ ਰੱਖਿਆ ਟੀਕੇ ਤੋਂ ਹੋਣ ਵਾਲੇ ਥੋੜ੍ਹੇ ਜਿਹੇ ਦਰਦ ਤੋਂ ਕਿਤੇ ਵੱਧ ਹੁੰਦੀ ਹੈ।

ਹੋ ਸਕਦਾ ਹੈ ਤੁਹਾਨੂੰ ਟੀਕਿਆਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਹੋਣ, ਇਹਨਾਂ ਬਾਰੇ ਆਪਣੇ ਜੀਪੀ ਨਾਲ ਚਰਚਾ ਕਰੋ। ਹਲਕੇ ਮਾੜੇ ਪ੍ਰਭਾਵ ਹੋ ਸਕਦੇ ਹਨ।

### ਹੈਲਥ ਵਿਜ਼ਿਟਰ ਕਹਿੰਦਾ/ਕਹਿੰਦੀ ਹੈ

ਯਕੀਨੀ ਬਣਾਓ ਕਿ ਤੁਸੀਂ ਬੱਚੇ ਦੀ ਲਾਲ ਕਿਤਾਬ ਨੂੰ ਸੁਰੱਖਿਅਤ ਸਥਾਨ ਤੇ ਰੱਖਦੇ ਹੋ। ਇਹ ਤੁਹਾਡੇ ਬਚਪਨ ਦੇ ਟੀਕਿਆਂ ਦਾ ਪੂਰਾ ਰਿਕਾਰਡ ਹੁੰਦਾ ਹੈ ਅਤੇ ਅਕਸਰ ਬਾਅਦ ਦੀ ਜ਼ਿੰਦਗੀ ਵਿੱਚ ਇਸ ਦੀ ਲੋੜ ਪੈਂਦੀ ਹੈ।

ਕਿਸੇ ਵੀ ਤਾਜ਼ਾ ਜਾਣਕਾਰੀ ਅਤੇ ਭਵਿੱਖ ਦੇ ਟੀਕਿਆਂ ਬਾਰੇ ਆਪਣੇ ਹੈਲਥ ਵਿਜ਼ਿਟਰ ਤੋਂ ਪਤਾ ਕਰੋ।

## ਟੀਕਾ ਕਦੋਂ ਲਗਾਉਣਾ ਚਾਹੀਦਾ ਹੈ

| | **ਬਿਮਾਰੀਆਂ ਜਿਨ੍ਹਾਂ ਤੋਂ ਰੱਖਿਆ ਮਿਲਦੀ ਹੈ** |
|---|---|
| ਦੋ ਮਹੀਨਿਆਂ ਦੀ ਉਮਰ | ▪ ਡਿਪਥੀਰੀਆ (ਗਲ ਘੋਟੂ), ਟੈਟਨਸ, ਪਰਟੁਸਸਿਸ (ਕਾਲੀ ਖਾਂਸੀ), ਪੋਲੀਓ ਅਤੇ ਹੀਮੋਫਿਲੀਅਸ ਇਨਫਲੂਐਂਜ਼ਾ ਟਾਈਪ b (Hib)<br>▪ ਨਿਊਮੋਕੋਕਲ ਬਿਮਾਰੀ<br>▪ ਰੋਟਾਵਾਇਰਸ ਵੈਕਸੀਨ (ਤਿੰਨ ਮਹੀਨਿਆਂ ਤੇ ਦੁਬਾਰਾ ਖੁਰਾਕ) |
| ਤਿੰਨ ਮਹੀਨਿਆਂ ਦੀ ਉਮਰ | ▪ ਡਿਪਥੀਰੀਆ (ਗਲ ਘੋਟੂ), ਟੈਟਨਸ, ਪਰਟੁਸਸਿਸ (ਕਾਲੀ ਖਾਂਸੀ), ਪੋਲੀਓ ਅਤੇ Hib<br>▪ ਮੇਨਿੰਗੋਕੋਕਲ ਗਰੁੱਪ C ਬਿਮਾਰੀ (MenC) |
| ਚਾਰ ਮਹੀਨਿਆਂ ਦੀ ਉਮਰ | ▪ ਡਿਪਥੀਰੀਆ (ਗਲ ਘੋਟੂ), ਟੈਟਨਸ, ਪਰਟੁਸਸਿਸ (ਕਾਲੀ ਖਾਂਸੀ), ਪੋਲੀਓ ਅਤੇ Hib<br>▪ ਨਿਊਮੋਕੋਕਲ ਬਿਮਾਰੀ |
| 12 ਅਤੇ 13 ਮਹੀਨਿਆਂ ਦੀ ਉਮਰ ਦੇ ਵਿਚਕਾਰ - ਪਹਿਲੇ ਜਨਮਦਿਨ ਦੇ ਇੱਕ ਮਹੀਨੇ ਦੇ ਅੰਦਰ | ▪ Hib/MenC<br>▪ ਨਿਊਮੋਕੋਕਲ ਬਿਮਾਰੀ<br>▪ ਖਸਰਾ, ਕੰਨ ਪੇੜੇ, ਛੋਟੀ ਸੀਤਲਾ (ਜਰਮਨ ਖਸਰਾ) |
| ਤਿੰਨ ਸਾਲ ਚਾਰ ਮਹੀਨੇ ਜਾਂ ਉਸ ਤੋਂ ਬਾਅਦ ਜਲਦ ਹੀ | ▪ ਡਿਪਥੀਰੀਆ (ਗਲ ਘੋਟੂ), ਟੈਟਨਸ, ਪਰਟੁਸਸਿਸ (ਕਾਲੀ ਖਾਂਸੀ) ਅਤੇ ਪੋਲੀਓ<br>▪ ਖਸਰਾ, ਕੰਨ ਪੇੜੇ, ਛੋਟੀ ਸੀਤਲਾ |

ਸ੍ਰੋਤ: NHS ਦੀ ਟੀਕਾਕਰਣ ਬਾਰੇ ਜਾਣਕਾਰੀ।

### ਇੱਕ

ਟੀਕਾਕਰਣ ਦੋ ਮਹੀਨਿਆਂ ਦੀ ਉਮਰ ਤੇ ਸ਼ੁਰੂ ਹੁੰਦਾ ਹੈ, ਜਦੋਂ ਬਿਮਾਰੀਆਂ ਦੇ ਪ੍ਰਤੀ ਬੱਚੇ ਦੀ ਕੁਦਰਤੀ ਸੁਰੱਖਿਆ ਘੱਟ ਹੋਣੀ ਸ਼ੁਰੂ ਹੋ ਜਾਂਦੀ ਹੈ।

### ਦੋ

ਤੁਹਾਡਾ/ਡੀ ਹੈਲਥ ਵਿਜ਼ਿਟਰ ਤੁਹਾਨੂੰ ਦੱਸੇਗਾ/ਗੀ ਕਿ ਸਥਾਨਕ ਟੀਕਾਕਰਣ ਸੈਸ਼ਨ ਕਦੋਂ ਹੋ ਰਹੇ ਹਨ।

### ਤਿੰਨ

ਟੀਕਾਕਰਣ ਤੁਹਾਡੇ ਬੱਚੇ ਦੀ ਸਿਰਫ ਬਚਪਨ ਵਿੱਚ ਹੀ ਰੱਖਿਆ ਨਹੀਂ ਕਰਦੇ ਹਨ, ਉਹ ਜ਼ਿੰਦਗੀ ਭਰ ਲਈ ਰੱਖਿਆ ਕਰਦੇ ਹਨ।